# ਪੰਜਾਬ ਨੇ ਰਚਿਆ ਇਤਿਹਾਸ

*-ਅਨੀਤਾ*

11 ਜਨਵਰੀ 2006.

ਇਹ ਦਿਹ ਮੇਰੇ ਚੇਤੇ ਵਿਚ ਖੁਣਿਆ ਗਿਆ ਹੈ। ਸ਼ਾਇਦ ਉਨ੍ਹਾਂ ਸਾਰਿਆਂ ਦੇ ਚੇਤਿਆਂ ਵਿਚ ਵੀ ਰਹੇਗਾ, ਜਿੰਨ੍ਹਾਂ ਨੇ ਉਸ ਦਿਨ ਲੋਕਤਾ ਦੇ ਵਿਸ਼ਾਲ ਸਮੁੰਦਰ ਨੂੰ ਤੱਕਿਆ ਹੈ, ਜੋ ਗੁਰਸ਼ਰਨ ਭਾਅ ਜੀ ਦਾ ਸਨਮਾਨ ਕਰਨ ਲਈ ਮਾਲਵੇ ਦੇ ਪ੍ਰਸਿੱਧ ਪਿੰਡ ਕੁੱਸਾ ਵਿਚ ਪਹੁੰਚੇ ਸਨ। ਮੈਨੂੰ ਯਾਦ ਨਹੀਂ ਕਿ ਮੈਂ ਕਦੇ ਇਸ ਪਿੰਡ ਵਿਚ ਭਾਅ ਜੀ ਨਾਲ ਨਾਟਕ ਕੀਤਾ ਹੈ ਜਾਂ ਨਹੀਂ, ਪਰ ਇਸ ਇਲਾਕੇ ਵਿਚ ਅਨੇਕਾਂ ਵਾਰ ਸ਼ੋਅ ਕੀਤੇ ਹਨ। ਉਨ੍ਹਾਂ ਹੀ ਪਿੰਡਾਂ ਵਿਚੋਂ ਗੁਜ਼ਰਨਾ ਉਸ ਦਿਨ ਬਿਲਕੁਲ ਹੀ ਵੱਖਰੀ ਕਿਸਮ ਦੇ ਅਹਿਸਾਸ ਵਿਚੋਂ ਗੁਜ਼ਰਨਾ ਸੀ। ਪਹਿਲਾਂ ਜਦੋਂ ਜਾਂਦੇ ਸਾਂ ਤਾਂ ਗੱਡੀ ਵਿਚ ਹੀ ਸਕ੍ਰਿਪਟ ਯਾਦ ਕਰਨੀ ਜਾਂ ਕਿਸੇ ਵੀ ਨਾਟਕ ਦੀ ਇਕ ਵਾਰ ਰੀਡਿੰਗ ਕਰ ਲੈਣਾ ਜ਼ਰੂਰੀ ਹੁੰਦਾ ਸੀ। ਇਸ ਲਈ ਆਲੇ-ਦੁਆਲੇ ਵੱਲ ਕਦੇ ਧਿਆਨ ਹੀ ਨਹੀਂ ਸੀ ਜਾਂਦਾ। ਉਸ ਦਿਨ ਹਰ ਗੱਡੀ ਜਿਵੇਂ ਭਾਅ ਜੀ ਦੇ ਸਨਮਾਨ ਲਈ ਹੀ ਆਈ ਪ੍ਰਤੀਤ ਹੁੰਦੀ ਸੀ ਤੇ ਇਹ ਗੱਲ ਸੱਚ ਵੀ ਸੀ। ਸਮਾਗਮ ਵਾਲੀ ਜਗ੍ਹਾ 'ਤੇ ਹਜ਼ਾਰਾਂ ਦਾ ਇਕੱਠ ਸੀ ਤੇ ਉਧਰ ਮੈਨ ਸੜਕ ਤੋਂ ਕੁੱਸਾ ਤਕ ਆਉਂਦੀ ਸੜਕ 'ਤੇ ਗੱਡੀਆਂ ਹੀ ਗੱਡੀਆਂ ਸਨ। ਪੈਦਲ ਲੋਕਾਂ ਦੀ ਭੀੜ ਵੱਖਰੀ। ਇਹ ਸਭ ਲੋਕ-ਪੱਖੀ ਨਾਟਕਕਾਰ ਤੇ ਰੰਗਕਰਮੀ ਦੇ ਸਨਮਾਨ ਲਈ ਆ ਰਹੇ ਸਨ। ਇਸ ਪੱਖੋਂ ਇਹ ਦਿਨ ਰੰਗਮੰਚ ਇਤਿਹਾਸ ਲਈ ਮਹਾਨ ਘਟਨਾ ਸੀ। ਇਸ ਨੂੰ ਸਮੁੱਚੇ ਸਾਹਿਤ ਦੇ ਇਤਿਹਾਸ ਲਈ ਵੀ ਮਹੱਤਵਪੂਰਨ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਇਸ ਦਿਨ ਪਹਿਲੀ ਵਾਰ ਕਿਸੇ ਕਲਾਕਾਰ ਦਾ ਏਨੀ ਭਰਵੀਂ ਸ਼ਮੂਲੀਅਤ ਵਿਚ ਸਨਮਾਨ ਹੋ ਰਿਹਾ ਸੀ।

ਇਹ ਇਕੱਠ ਖੱਬੇਪੱਖੀ ਜਨਤਕ ਜਥੇਬੰਦੀਆਂ ਦਾ ਸੀ। ਫਿਰ ਵੀ ਇਸ ਵਿਚ ਲੇਖਕਾਂ/ਕਲਾਕਾਰਾਂ ਦੀ ਸ਼ਮੂਲੀਅਤ ਹੀ ਅਹਿਮ ਮੰਨੀ ਗਈ। ਜਨਤਕ ਨੇਤਾਵਾਂ ਨੇ ਅਵਾਮ ਨੂੰ ਇਕੱਠਿਆਂ ਕੀਤਾ ਤੇ ਉਸ ਦਾ ਹਿੱਸਾ ਹੋ ਗਏ। ਮੰਚ ਉਤੇ ਹਜ਼ਾਰਾਂ ਸਨ-ਸੰਤੋਖ ਸਿੰਘ ਧੀਰ, ਸੁਰਜੀਤ ਪਾਤਰ, ਵਰਿਆਮ ਸਿੰਘ ਸੰਧੂ, ਅਜਮੇਰ ਔਲਖ ਤੇ ਹੋਰ ਕਈ ਸ਼ਖ਼ਸੀਅਤਾਂ।

ਇਸ ਸਮਾਗਮ ਦੌਰਾਨ ਹਰ ਕਿਸੇ ਦੇ ਚਿਹਰੇ ਉਤੇ ਅਨੋਖ਼ਾ ਉਤਸ਼ਾਹ ਸੀ। ਆਮ

ਲੋਕ ਜਿਨ੍ਹਾਂ ਦੀ ਸੂਝ ਬੂਝ ਬਾਰੇ ਅਕਸਰ ਘਟਾ ਕੇ ਸੋਚਿਆ ਜਾਂਦਾ ਹੈ, ਜਦੋਂ ਲੇਖਕਾਂ ਦੇ ਕਹੇ ਜਾਂਦੇ ਲਫ਼ਜ਼ਾਂ ਉਤੇ ਉਤਸ਼ਾਹ ਵਜੋਂ ਤਾੜੀਆਂ ਮਾਰ ਰਹੇ ਸਨ ਜਾਂ ਨਾਅਰੇ ਲਗਾ ਰਹੇ ਸਨ ਤਾਂ ਹੋਰ ਵੀ ਤਸੱਲੀ ਹੋ ਰਹੀ ਸੀ। ਇਸ ਭਾਅ ਜੀ ਦੀ ਸ਼ਖਸੀਅਤ ਦਾ ਜਲੌਅ ਵੀ ਸੀ ਤੇ ਉਨ੍ਹਾਂ ਵਲੋਂ ਖੇਡੇ ਗਏ ਨਾਟਕਾਂ ਦਾ ਅਸਰ ਵੀ ਸੀ ਕਿ ਆਮ ਲੋਕ ਲੇਖਕਾਂ-ਕਲਾਕਾਰਾਂ ਦੀ ਭਾਸ਼ਾ ਨੂੰ ਚੰਗੀ ਤਰ੍ਹਾਂ ਸਮਝ ਰਹੇ ਸਨ। ਗੁਰਸ਼ਰਨ ਸਿੰਘ ਲੋਕਾਂ ਅੰਦਰ ਕਲਾ ਅਤੇ ਸਾਹਿਤ ਪ੍ਰਤੀ ਪੈਦਾ ਕੀਤੀ ਰੁਚੀ ਲਈ ਵੀ ਹਮੇਸ਼ਾ ਜਾਣੇ ਜਾਂਦੇ ਰਹਿਣਗੇ।

ਗੁਰਸ਼ਰਨ ਭਾਅ ਜੀ ਦੇ ਨਾਟਕਾਂ ਨੂੰ ਬਹੁਤ ਹੀ 'ਸਿਆਣੇ ਵਿਦਵਾਨ' ਨਾਅਰੇਬਾਜ਼ੀ ਆਖਦੇ ਹਨ ਤੇ ਉਹ ਖ਼ੁਦ ਵੀ ਆਪਣੇ ਨਾਟਕ ਵਿਚ ਨਾਅਰੇਬਾਜ਼ੀ ਨੂੰ ਪਸੰਦ ਕਰਦੇ ਹਨ। ਉਸ ਦਿਨ ਨਾਅਰੇਬਾਜ਼ੀ ਵਾਲੇ ਨਾਟਕ ਦੇਖਣ ਵਾਲੇ ਜਿੰਨੀ ਅਮਨ-ਸ਼ਾਂਤੀ ਨਾਲ ਲੇਖਕਾਂ-ਵਿਦਵਾਨਾਂ ਦੇ ਵਿਚਾਰ ਸੁਣ ਰਹੇ ਸਨ, ਉਸ ਤੋਂ ਜ਼ਾਹਰ ਹੋ ਰਿਹਾ ਸੀ ਕਿ ਲੋਕਾਂ ਲਈ ਆਪਣੀ ਜ਼ਿੰਦਗੀ ਨਾਲ ਜੁੜੇ ਸਿੱਧੇ-ਸਾਦੇ ਨਾਟਕ ਕਿੰਨੇ ਜ਼ਰੂਰੀ ਹਨ। ਮੈਂ ਕਲਾਤਮਕ ਨਾਟਕਾਂ ਦਾ ਵਿਰੋਧ ਨਹੀਂ ਕਰਦੀ, ਸਗੋਂ ਲੋਕ-ਪੱਖੀ ਨਾਟਕ ਨੂੰ ਹੋਰ ਕਲਾਤਮਕ ਬਣਾਉਣ ਦੀ ਇੱਛਾ ਰੱਖਦੀ ਹਾਂ, ਪਰ ਕੁੱਸਾ ਦੀ ਧਰਤੀ 'ਤੇ ਭਾਅ ਜੀ ਦੇ ਸਨਮਾਨ ਵਾਲੇ ਦਿਨ ਇਹ ਵੀ ਮਹਿਸੂਸ ਹੋਇਆ ਕਿ ਅਜੇ ਸਾਡੇ ਆਮ ਲੋਕਾਂ ਨੂੰ ਕਿਸ ਕਿਸਮ ਦੇ ਨਾਟਕਾਂ ਦੀ ਲੋੜ ਹੈ ? ਇਹ ਨਾਟਕ ਵਿਖਾ ਕੇ ਹੀ ਜਨਤਾ ਨੂੰ ਕਲਾ ਦੀ ਸਿਖ਼ਰ ਛੂੰਹਦੇ ਨਾਟਕਾਂ ਤਕ ਲਿਜਾਇਆ ਜਾ ਸਕਦਾ ਹੈ।

ਮੈਂ ਜਦੋਂ ਬਾਕੀ ਡਾਇਰੈਕਟਰਾਂ ਨਾਲ ਨਾਟਕ ਕੀਤੇ ਤਾਂ ਕਈ ਵਾਰ ਮੈਨੂੰ ਇਹ ਵੀ ਸੁਣਨਾ ਪੈਂਦਾ ਕਿ 'ਗੁਰਸ਼ਰਨ ਸਿੰਘ ਸਟਾਇਲ ਛੱਡ ਦੇ।' ਮੈਨੂੰ ਬਹੁਤ ਗੁੱਸਾ ਵੀ ਆਉਂਦਾ, ਪਰ ਇਕ ਕਲਾਕਾਰ ਵਜੋਂ ਮੈਂ ਆਪਣੇ ਆਪ ਨੂੰ ਉਨ੍ਹਾਂ ਮੁਤਾਬਕ ਢਾਲ ਲੈਂਦੀ। ਅੱਜ ਮੈਨੂੰ ਮਾਣ ਹੈ ਇਸ ਗੱਲ ਦਾ ਕਿ ਮੈਂ ਗੁਰਸ਼ਰਨ ਸਿੰਘ ਨਾਲ ਲੋਕ ਪੱਖੀ ਰੰਗਮੰਚ ਦੀ ਸ਼ੁਰੂਆਤ ਕੀਤੀ ਤੇ ਮੇਰੇ ਅੰਦਰ ਉਹ ਸਟਾਇਲ ਬਚਿਆ ਹੋਇਆ ਹੈ। ਉਸ ਦਿਨ ਦੇ ਸਮਾਗਮ ਤੋਂ ਬਾਅਦ ਤਾਂ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਜੇ ਲੋਕਾਂ ਲਈ ਨਾਟਕ ਕਰਨਾ ਹੈ ਤਾਂ ਗੁਰਸ਼ਰਨ ਸਿੰਘ ਦੀ ਸ਼ੈਲੀ ਨੂੰ ਬਚਾਉਣ ਦੀ ਬਹੁਤ ਲੋੜ ਹੈ। ਅਸਲ ਵਿਚ ਲੋਕਾਂ ਅਤੇ ਸਾਡੇ ਨਾਟਕਾਂ ਦੇ ਦਰਸ਼ਕਾਂ ਵਿਚਲੀ ਸਾਫ਼-ਸਾਫ਼ ਲਕੀਰ ਵੀ ਮੈਨੂੰ ਉਸ ਦਿਨ ਹੀ ਨਜ਼ਰ ਆਈ। ਕਾਸ਼ ! ਇਹ ਲੋਕ ਵੀ ਨਾਟਕ ਦੇ ਦਰਸ਼ਕ ਹੋ ਜਾਣ ਤੇ ਨਾਟਕ ਦਾ ਮਿਆਰ ਬਹੁਤ ਉੱਚਾ ਹੋ ਜਾਵੇ। ਜਦੋਂ ਇਹ ਕਲਪਨਾ ਸੱਚ ਹੋਵੇਗੀ, ਉਦੋਂ ਗੁਰਸ਼ਰਨ ਸਿੰਘ ਦੀ ਸ਼ੈਲੀ ਹੋਰ ਵੀ ਚੰਗੀ ਤਰ੍ਹਾਂ ਸਮਝ ਆਵੇਗੀ। ਉਨ੍ਹਾਂ ਨੇ ਉਸ ਸਮੇਂ ਪਿੰਡਾਂ ਵਿਚ ਨਾਟਕ ਕਰਨਾ ਸ਼ੁਰੂ ਕੀਤਾ, ਜਦੋਂ ਪੇਂਡੂ ਬਾਬੇ ਨਾਟਕ ਨੂੰ 'ਕੰਜਰਖਾਨਾ' ਹੀ ਸਮਝਦੇ ਸਨ। ਉਸ ਦਿਨ ਦੇ ਇਕੱਠ ਵਿਚ ਅਨੇਕਾਂ ਬਜ਼ੁਰਗ ਸਨ। ਸਪੱਸ਼ਟ ਹੋ ਗਿਆ ਕਿ ਹੁਣ ਤਾਂ ਬਜ਼ੁਰਗ ਵੀ ਨਾਟਕ ਦਾ ਸਨਮਾਨ ਕਰਨ ਲਈ ਆ ਰਹੇ ਸਨ। ਇਹ ਗੁਰਸ਼ਰਨ ਸਿੰਘ ਦੀ ਪੰਜਾਬੀ ਨਾਟਕ ਨੂੰ ਦੇਣ ਹੈ। ਉਨ੍ਹਾਂ ਦੀ ਸ਼ੈਲੀ ਨੂੰ ਨਾਪਸੰਦ ਕਰਨ ਵਾਲੇ ਵੀ ਇਸ ਸੱਚ ਨੂੰ ਸਵੀਕਾਰ ਕਰ ਰਹੇ ਹਨ। ਇਹ ਨਾਟਕ ਵਾਲੇ ਬਾਬੇ ਦੇ ਲਗਾਤਾਰ ਬੋਲਣ ਦਾ ਹੀ ਅਸਰ ਹੈ।

ਮੈਨੂੰ ਯਾਦ ਆ ਰਿਹਾ ਹੈ ਕਿ ਜਦੋਂ ਭਾਅ ਜੀ ਨਾਲ ਨਾਟਕ ਕਰਨ ਇਕ ਪਿੰਡ ਵਿਚ ਗਈ ਤਾਂ ਇਕ ਬਜ਼ੁਰਗ ਔਰਤ ਨੇ ਮੈਨੂੰ ਪੁਛਿਆ, 'ਧੀਏ, ਤੂੰ ਇਕੱਲੀ ਆਈ ਐਂ'। ਮੈਂ ਕਿਹਾ, 'ਮੇਰੇ ਨਾਲ ਮੇਰੀ ਟੀਮ ਹੈ' ਪਰ ਉਨ੍ਹਾਂ ਮੈਨੂੰ ਫਿਰ ਉਹੀ ਸਵਾਲ ਕੀਤਾ। ਮੈਂ ਫਿਰ ਕਿਹਾ, 'ਮੇਰੇ ਨਾਲ ਭਾਅ ਜੀ ਵੀ ਹਨ।'

'ਘਰੋਂ ਤਾਂ ਇਕੱਲੀ ਆਈ ਹੈਂ ਨਾ ?' ਉਸ ਨੇ ਫਿਰ ਆਖਿਆ ਸੀ।

11 ਜਨਵਰੀ ਵਾਲੇ ਸਮਾਗਮ ਵਿਚ ਔਰਤਾਂ ਦੀ ਵੀ ਭਰਵੀਂ ਹਾਜ਼ਰੀ ਸੀ। ਮੈਨੂੰ ਉਸ ਦਿਨ ਮਹਿਸੂਸ ਹੋਇਆ ਕਿ ਉਹ ਦਿਨ ਜ਼ਰੂਰ ਆਏਗਾ ਜਦੋਂ ਪਿੰਡਾਂ ਦੀਆਂ ਸਾਰੀਆਂ ਬਜ਼ੁਰਗ ਔਰਤਾਂ ਅਜਿਹਾ ਸਵਾਲ ਕਰਨ ਦੀ ਥਾਂ ਪਿਆਰ ਨਾਲ ਉਨ੍ਹਾਂ ਦਾ ਸਿਰ ਪਲੋਸਿਆ ਕਰਨਗੀਆਂ, ਜੋ ਕੁੜੀਆਂ ਨਾਟਕ ਕਰਦੀਆਂ ਹਨ। ਉਹ ਵੀ ਰੰਗਮੰਚ ਨੂੰ ਗੁਰਸ਼ਰਨ ਸਿੰਘ ਦੀ ਦੇਣ ਹੋਵੇਗੀ।

ਜਦੋਂ ਭਾਅ ਜੀ ਨੂੰ ਕਾਲੀਦਾਸ ਸਨਮਾਨ ਮਿਲਿਆ ਸੀ ਤਾਂ ਬਹੁਤ ਖ਼ੁਸ਼ੀ ਹੋਈ। ਇਹਦੇ ਨਾਲ ਹੀ ਮਨ ਵਿਚ ਇਕ ਸਵਾਲ ਵੀ ਆਇਆ ਸੀ ਕਿ ਅਸੀਂ ਕਲਾਕਾਰਾਂ ਨੇ ਉਨ੍ਹਾਂ ਲਈ ਕੁਝ ਵੀ ਨਹੀਂ ਕੀਤਾ, ਜਦੋਂ ਕਿ ਅਸੀਂ ਉਨ੍ਹਾਂ ਦੀ ਬਦੌਲਤ ਹੀ ਪ੍ਰਾਪਤੀਆਂ ਕਰ ਰਹੇ ਹਾਂ। ਇਸ ਵਿਚੋ ਹੀ **ਸੁਚੇਤਕ ਰੰਗਮੰਚ (ਰਜਿ.) ਮੋਹਾਲੀ** ਵਲੋਂ ਸਲਾਨਾ **ਗੁਰਸ਼ਰਨ ਸਿੰਘ ਨਾਟ-ਉਤਸਵ** ਸ਼ੁਰੂ ਹੋਇਆ। ਅਸੀਂ ਕੋਸ਼ਿਸ਼ ਕੀਤੀ ਕਿ ਗੁਰਸ਼ਰਨ ਸਿੰਘ ਨਾਲ ਜਿਨ੍ਹਾਂ ਵੀ ਕਲਾਕਾਰਾਂ ਨੇ ਕੰਮ ਕੀਤਾ, ਉਨ੍ਹਾਂ ਨੂੰ ਇਕ ਸਟੇਜ 'ਤੇ ਇਕੱਠਾ ਕੀਤਾ ਜਾ ਸਕੇ। ਅਸੀਂ ਕਾਫ਼ੀ ਹੱਦ ਤਕ ਕਾਮਯਾਬ ਰਹੇ। 255 ਕਲਾਕਾਰਾਂ ਨੇ ਜਤਿੰਦਰ ਬਰਾੜ ਜੀ ਦੀ ਅਗਵਾਈ ਵਿਚ ਗੁਰਸ਼ਰਨ ਭਾਅ ਜੀ ਦਾ ਸਨਮਾਨ ਕੀਤਾ। 'ਗੁਰਸ਼ਰਨ ਸਿੰਘ ਨਾਟ-ਉਤਸਵ' ਨੂੰ ਭਰਵਾਂ ਹੁੰਗਾਰਾ ਮਿਲਿਆ। ਸਾਡੇ ਮਨ 'ਚ ਭਾਰੀ ਉਤਸ਼ਾਹ ਸੀ ਤੇ ਅਸੀਂ ਇਹ ਫੈਸਲਾ ਕੀਤਾ ਕਿ ਦੂਜੇ ਨਾਟ ਉਤਸ਼ਵ 'ਤੇ ਟੈਗੋਰ ਥੀਏਟਰ ਵਿਚ ਭਾਅ ਜੀ ਦਾ ਸਨਮਾਨ ਉਨ੍ਹਾਂ ਪ੍ਰਤੀਨਿਧਾਂ ਵਲੋਂ ਕੀਤਾ ਜਾਵੇ ਜੋ ਪਿੰਡਾਂ ਵਿਚ ਨਾਟਕ ਕਰਵਾਉਂਦੇ ਹਨ। ਸਾਡੇ ਸਮਾਗਮ ਦੀ ਤਿਆਰੀ ਤੋਂ ਪਹਿਲਾਂ ਹੀ ਕੁੱਸਾ ਵਾਲੇ ਜਨਤਕ ਸਮਾਰੋਹ ਦਾ ਐਲਾਨ ਹੋ ਚੁੱਕਾ ਸੀ। ਇਹ ਪ੍ਰਤੀਨਿਧਾਂ ਤੋਂ ਵੀ ਅੱਗੇ ਜਾ ਕੇ ਆਮ ਲੋਕਾਂ ਵੱਲੋਂ ਸਨਮਾਨ ਸੀ, ਜਿਸ ਦਾ ਅਸੀਂ ਵੀ ਇਕ ਹਿੱਸਾ ਸਾਂ। ਮੈਨੂੰ ਨਹੀਂ ਪਤਾ ਕਿ ਪੰਜਾਬ ਦੀਆਂ ਸਾਹਿਤਕ-ਸਭਿਆਚਾਰਕ ਪ੍ਰਾਪਤੀਆਂ ਨੂੰ ਸੰਸਾਰ ਭਰ 'ਚ ਕਿਵੇਂ ਲਿਆ ਜਾਂਦਾ ਹੈ, ਪਰ ਗੁਰਸ਼ਰਨ ਸਿੰਘ ਵਰਗੇ ਮਹਾਨ ਕਲਾਕਾਰ ਦਾ ਜਨਤਕ ਸਨਮਾਨ ਕਰਕੇ ਪੰਜਾਬ ਸੰਸਾਰ ਇਤਿਹਾਸ 'ਚ ਆਪਣਾ ਨਾਮ ਦਰਜ ਕਰਵਾ ਗਿਆ ਹੈ। ਇਸ ਸਮਾਗਮ ਦੀ ਸਮੁੱਚੀ ਸਨਮਾਨ ਕਮੇਟੀ ਵਧਾਈ ਦੀ ਹੱਕਦਾਰ ਹੈ, ਜਿਸ ਨੇ ਲੋਕ ਕਲਾ ਦਾ ਸਨਮਾਨ ਕੀਤਾ ਹੈ। ਇਹ 'ਲੋਕ ਕਲਾ ਜ਼ਿੰਦਾਬਾਦ' ਨਾਅਰੇ ਦਾ ਅਮਲੀ ਪ੍ਰਗਟਾਵਾ ਹੈ। ਸ਼ਾਲਾ ਇਸ ਤਰ੍ਹਾਂ ਦੇ ਲੋਕ ਕਲਾਕਾਰ ਪੰਜਾਬ ਦੀ ਧਰਤੀ ਨੂੰ ਮਿਲਦੇ ਰਹਿਣ ਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਲੋਕਾਂ ਦਾ ਪਿਆਰ ਮਿਲਦਾ ਰਹੇ।